# ਪੇਂਡੂ ਇਲਾਕਿਆਂ ਦੇ ਨਿਯਮ

## *ਸਤਿਕਾਰ ਕਰੋ – ਹਿਫ਼ਾਜ਼ਤ ਕਰੋ – ਮਜ਼ੇ ਲਓ*

**ਆਮ ਲੋਕਾਂ ਲਈ ਸਲਾਹ**

ਪੇਂਡੂ ਇਲਾਕਿਆਂ ਵਿਚ ਤੁਹਾਨੂੰ ਮੌਜ ਮਸਤੀ ਕਰਨ ਅਤੇ ਥਕੇਵਾਂ ਲਾਹੁਣ ਦੇ ਬਹੁਤ ਮੌਕੇ ਮਿਲ ਸਕਦੇ ਹਨ - ਹਲਕੇ ਜਿਹੇ ਸੈਰ ਸਪਾਟੇ ਜਾਂ ਥਕੇਵਾਂ ਲਾਹੁਣ ਵਾਲੀ ਪਿਕਨਿਕ ਕਰਨ ਤੋਂ ਲੈ ਕੇ ਲੰਮਾਂ ਫ਼ਾਸਲਾ ਪੈਦਲ ਚੱਲਣ ਜਾਂ ਦਿਲ ਦੀ ਧੜਕਣ ਤੇਜ਼ ਕਰਨ ਵਾਲੇ ਸਾਹਸੀ ਕੰਮਾਂ ਤਕ।

ਪੇਂਡੂ ਥਾਂਵਾਂ 'ਤੇ ਪਾਰਕਾਂ, ਸਮੁੰਦਰੀ ਕੰਢੇ, ਝਿੜੀਆਂ, ਦਰਿਆ ਅਤੇ ਜੰਗਲ ਹੁੰਦੇ ਹਨ, ਜਿੱਥੇ ਹਜ਼ਾਰਾਂ ਮੀਲਾਂ ਤਕ ਆਮ ਲੋਕਾਂ ਨੂੰ ਜਾਣ ਦੀ ਖੁੱਲ੍ਹ ਹੁੰਦੀ ਹੈ, ਅਤੇ ਲੱਗੇ ਹੋਏ ਨਿਸ਼ਾਨਾਂ ਵਾਲੇ ਅਜਿਹੇ ਰਾਹ ਹੁੰਦੇ ਹਨ ਜਿਹਨਾਂ 'ਤੇ ਤੁਸੀਂ ਪੈਦਲ ਚੱਲ ਕੇ ਦੇਖ ਸਕਦੇ ਹੋ, ਸਾਈਕਲ ਜਾਂ ਘੋੜੇ 'ਤੇ ਚੜ੍ਹ ਕੇ ਜਾ ਸਕਦੇ ਹੋ। ਤੁਸੀਂ ਕੁਝ ਪੇਂਡੂ ਇਲਾਕਿਆਂ ਵਿਚ ਦੂਰ ਦੂਰ ਤਕ ਪੈਦਲ ਜਾ ਸਕਦੇ ਹੋ ਜਿਹਨਾਂ ਨੂੰ ਖੁੱਲ੍ਹੀਆਂ ਥਾਂਵਾਂ ਆਖਿਆ ਜਾਂਦਾ ਹੈ, ਜਿਵੇਂ ਪਹਾੜ, ਘਾਹ ਅਤੇ ਝਾੜ ਬੂਟਿਆਂ ਵਾਲੀਆਂ ਥਾਂਵਾਂ, ਨੀਵੀਂਆਂ ਥਾਂਵਾਂ ਅਤੇ ਆਮ ਲੋਕਾਂ ਲਈ ਥਾਂਵਾਂ।

- **ਸੁਰੱਖਿਅਤ ਰਹੋ – ਪਹਿਲਾਂ ਯੋਜਨਾ ਬਣਾਓ ਅਤੇ ਜੇ ਕੋਈ ਨਿਸ਼ਾਨ ਲਾਏ ਗਏ ਹੋਣ ਤਾਂ ਉਹਨਾਂ ਦੇ ਅਨੁਸਾਰ ਚੱਲੋ**
- **ਗੇਟਾਂ ਅਤੇ ਥਾਂਵਾਂ ਨੂੰ ਉਸੇ ਤਰ੍ਹਾਂ ਛੱਡ ਕੇ ਜਾਓ ਜਿਸ ਤਰ੍ਹਾਂ ਇਹ ਤੁਹਾਡੇ ਪਹੁੰਚਣ ਤੋਂ ਪਹਿਲਾਂ ਸਨ**
- **ਬੂਟਿਆਂ ਅਤੇ ਜਾਨਵਰਾਂ ਦੀ ਹਿਫ਼ਾਜ਼ਤ ਕਰੋ, ਅਤੇ ਆਪਣਾ ਕੂੜਾ ਕਚਰਾ ਨਾਲ ਲੈ ਜਾਓ**
- **ਆਪਣੇ ਕੁੱਤਿਆਂ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਰੱਖੋ**
- **ਹੋਰ ਲੋਕਾਂ ਦਾ ਵੀ ਧਿਆਨ ਰੱਖੋ**

ਜੇ ਤੁਸੀਂ ਹਰ ਥਾਂ 'ਤੇ ਪੇਂਡੂ ਇਲਾਕਿਆਂ ਦੇ ਇਹਨਾਂ ਨਿਯਮਾਂ ਦਾ ਪਾਲਣ ਕਰੋਗੇ, ਤਾਂ ਤੁਸੀਂ ਵੱਧ ਤੋਂ ਵੱਧ ਆਨੰਦ ਮਾਣ ਸਕੋਗੇ ਅਤੇ ਤੁਸੀਂ ਇਸ ਵੇਲੇ ਆਉਣ ਵਾਲੀਆਂ ਨਸਲਾਂ ਲਈ ਵੀ ਪੇਂਡੂ ਇਲਾਕਿਆਂ ਦੀ ਹਿਫ਼ਾਜ਼ਤ ਕਰ ਸਕੋਗੇ।

**ਸੁਰੱਖਿਅਤ ਰਹੋ – ਪਹਿਲਾਂ ਯੋਜਨਾ ਬਣਾਓ ਅਤੇ ਜੇ ਕੋਈ ਨਿਸ਼ਾਨ ਲਾਏ ਗਏ ਹੋਣ ਤਾਂ ਉਹਨਾਂ ਦੇ ਅਨੁਸਾਰ ਚੱਲੋ**

ਨੇੜੇ ਤੇੜੇ ਦੀਆਂ ਥਾਂਵਾਂ 'ਤੇ ਜਾਣ ਵੇਲੇ ਵੀ ਤਾਜ਼ੀ ਜਾਣਕਾਰੀ ਲੈਣਾ ਚੰਗੀ ਗੱਲ ਹੈ ਕਿ ਤੁਸੀਂ ਕਿੱਥੇ ਅਤੇ ਕਦ ਜਾ ਸਕਦੇ ਹੋ, ਮਿਸਾਲ ਵਜੋਂ, ਹੋ ਸਕਦਾ ਹੈ ਕਿ ਜਦ ਕੁਝ ਖੁੱਲ੍ਹੀਆਂ ਥਾਂਵਾਂ 'ਤੇ ਕੋਈ ਕੰਮ ਹੋ ਰਿਹਾ ਹੋਵੇ, ਤਾਂ ਹੋ ਸਕਦਾ ਹੈ ਕਿ ਹਿਫ਼ਾਜ਼ਤ ਦੀ ਖ਼ਾਤਿਰ ਉੱਥੇ ਜਾਣ ਦੇ ਤੁਹਾਡੇ ਹੱਕ 'ਤੇ ਕੁਝ ਰੋਕਾਂ ਲੱਗੀਆਂ ਹੋਣ, ਜਾਂ ਇਹ ਜਾਨਵਰਾਂ ਦੇ ਬੱਚੇ ਦੇਣ ਦਾ ਸਮਾਂ ਹੋਵੇ। ਸਲਾਹ ਅਤੇ ਸਥਾਨਕ ਨਿਸ਼ਾਨਾਂ ਦੇ ਅਨੁਸਾਰ ਚੱਲੋ, ਅਤੇ ਅਜਿਹੀਆਂ ਗੱਲਾਂ ਲਈ ਤਿਆਰ ਰਹੋ ਜਿਹਨਾਂ ਦੀ ਤੁਹਾਨੂੰ ਪਹਿਲਾਂ ਆਸ ਨਹੀਂ ਸੀ।

- ਤਾਜ਼ਾ ਨਕਸ਼ਿਆਂ ਅਤੇ ਗਾਈਡਬੁੱਕਾਂ ਦੀ ਵਰਤੋਂ ਕਰੋ, ਵੈੱਬਸਾਈਟ **www.countrysideaccess.gov.uk** ਪੜ੍ਹੋ, ਜਾਂ ਜਾਣਕਾਰੀ ਦੇਣ ਵਾਲੇ ਸਥਾਨਕ ਸੈਂਟਰਾਂ ਨਾਲ ਰਾਬਤਾ ਕਰੋ।
- ਖ਼ੁਦ ਆਪਣੀ ਅਤੇ ਜਿਹਨਾਂ ਦੀ ਦੇਖਭਾਲ ਤੁਸੀਂ ਕਰਦੇ ਹੋ ਉਹਨਾਂ ਦੀ ਹਿਫ਼ਾਜ਼ਤ ਕਰਨਾ ਤੁਹਾਡੀ ਜ਼ਿੰਮੇਦਾਰੀ ਹੁੰਦੀ ਹੈ, ਇਸ ਕਰਕੇ, ਮੌਸਮ ਬਦਲਣ ਅਤੇ ਹੋਰ ਗੱਲਾਂ ਵਾਪਰਨ ਲਈ ਤੁਸੀਂ ਤਿਆਰ ਰਹੋ। ਸਾਮਾਨ ਅਤੇ ਸੁਰੱਖਿਆ ਬਾਰੇ ਖ਼ਾਸ ਸਲਾਹ ਦੇਣ ਵਾਲੀਆਂ ਸੰਸਥਾਵਾਂ ਨਾਲ ਲਿੰਕਾਂ ਬਾਰੇ ਵੈੱਬਸਾਈਟ **www.countrysideaccess.gov.uk** ਪੜ੍ਹੋ, ਜਾਂ ਸੈਲਾਨੀਆਂ ਨੂੰ ਜਾਣਕਾਰੀ ਦੇਣ ਵਾਲੇ ਸੈਂਟਰਾਂ ਨਾਲ ਰਾਬਤਾ ਕਰੋ ਜਾਂ ਬਾਹਰ ਜਾ ਕੇ ਮੌਜ ਮੇਲਾ ਕਰਨ ਬਾਰੇ ਸਲਾਹ ਦੇਣ ਵਾਲੇ ਗਰੁਪਾਂ ਦੀ ਲਿਸਟ ਲਾਇਬ੍ਰੇਰੀਆਂ ਤੋਂ ਲਓ।
- ਬਾਹਰ ਜਾਣ ਤੋਂ ਪਹਿਲਾਂ ਪਤਾ ਕਰੋ ਕਿ ਮੌਸਮ ਕਿਹੋ ਜਿਹਾ ਰਹਿਣ ਦੀ ਸੰਭਾਵਨਾ ਦੱਸੀ ਗਈ ਹੈ, ਅਤੇ ਵਾਪਸ ਪਰਤਣ ਤੋਂ ਡਰੋ ਨਾ।
- ਪੇਂਡੂ ਇਲਾਕਿਆਂ ਵਿਚ ਜਾਣ ਦੀ ਚਾਹ ਕੁਝ ਹਦ ਤਕ ਇਸ ਕਰਕੇ ਵੀ ਹੁੰਦੀ ਹੈ ਕਿ ਤੁਸੀਂ ਉਕਤਾ ਦੇਣ ਵਾਲੀਆਂ ਰੋਜ਼ਮੱਰਾ ਗੱਲਾਂ ਤੋਂ ਦੂਰ ਜਾ ਸਕਦੇ ਹੋ। ਹੋ ਸਕਦਾ ਹੈ ਕਿ ਕਈ ਘੰਟੇ ਤੁਹਾਨੂੰ ਕੋਈ ਬੰਦਾ ਵੀ ਨਾ ਦਿਸੇ, ਅਤੇ ਕਈ ਥਾਂਵਾਂ 'ਤੇ ਮੋਬਾਈਲ ਫ਼ੋਨਾਂ ਦੇ ਸਿਗਨਲ ਵੀ ਸਪਸ਼ਟ ਨਹੀਂ ਹੁੰਦੇ, ਇਸ ਕਰਕੇ ਕਿਸੇ ਨੂੰ ਦੱਸ ਕੇ ਜਾਓ ਕਿ ਤੁਸੀਂ ਕਿੱਥੇ ਜਾ ਰਹੇ ਹੋ ਅਤੇ ਤੁਸੀਂ ਕਦ ਵਾਪਸ ਵਾਉਣ ਦੀ ਆਸ ਰੱਖਦੇ ਹੋ।
- ਪੇਂਡੂ ਇਲਾਕਿਆਂ ਵਿਚ ਰਸਤੇ ਅਤੇ ਖੁੱਲ੍ਹੀਆਂ ਥਾਂਵਾਂ ਦਰਸਾਉਣ ਵਾਲੇ ਨਿਸ਼ਾਨਾਂ ਦੀ ਪਛਾਣ ਕਰੋ । ਇਹ ਵੈੱਬਸਾਈਟ ਦੇਖੋ - **www.countrysideaccess.gov.uk**

**ਗੇਟਾਂ ਅਤੇ ਥਾਂਵਾਂ ਨੂੰ ਉਸੇ ਤਰ੍ਹਾਂ ਛੱਡ ਕੇ ਜਾਓ ਜਿਸ ਤਰ੍ਹਾਂ ਇਹ ਤੁਹਾਡੇ ਪਹੁੰਚਣ ਤੋਂ ਪਹਿਲਾਂ ਸਨ**

ਪੇਂਡੂ ਲੋਕਾਂ ਦੇ ਕੰਮ ਕਰਨ ਦੇ ਢੰਗਾਂ ਨਾਲ ਛੇੜਛਾੜ ਨਾ ਕਰੋ, ਕਿਉਂਕਿ ਸਾਡੇ ਕੰਮਾਂ ਦਾ ਅਸਰ ਲੋਕਾਂ ਦੇ ਰੁਜ਼ਗਾਰ, ਸਾਡੇ ਵਿਰਸੇ, ਅਤੇ ਜਾਨਵਰਾਂ ਦੀ ਅਤੇ ਖ਼ੁਦ ਸਾਡੀ ਸੁਰੱਖਿਆ ਅਤੇ ਭਲਾਈ 'ਤੇ ਪੈ ਸਕਦਾ ਹੈ।

- ਕਿਸਾਨ ਲੋਕ ਆਮ ਤੌਰ 'ਤੇ ਆਪਣੇ ਪਸ਼ੂਆਂ ਨੂੰ ਵਲਗਣ ਦੇ ਅੰਦਰ ਰੱਖਣ ਲਈ ਗੇਟ ਬੰਦ ਰੱਖਦੇ ਹਨ, ਪਰ ਕਈ ਵਾਰੀ ਖਾਣਾ ਅਤੇ ਪਾਣੀ ਲਿਆਉਣ ਲਈ ਇਹਨਾਂ ਨੂੰ ਖੁੱਲ੍ਹੇ ਵੀ ਰੱਖ ਸਕਦੇ ਹਨ। ਇਹ ਗੇਟ ਜਿਵੇਂ ਹੋਣ ਤੁਸੀਂ ਇਹਨਾਂ ਨੂੰ ਉਸੇ ਤਰ੍ਹਾਂ ਰਹਿਣ ਦਿਓ ਜਾਂ ਨਿਸ਼ਾਨਾਂ 'ਤੇ ਦੱਸੀਆਂ ਹਿਦਾਇਤਾਂ ਦਾ ਪਾਲਣ ਕਰੋ; ਜੇ ਤੁਸੀਂ ਗਰੁਪ ਵਿਚ ਜਾ ਰਹੇ ਹੋ, ਤਾਂ ਖ਼ਾਸ ਖ਼ਿਆਲ ਰੱਖੋ ਕਿ ਅਖ਼ੀਰ ਵਿਚ ਜਾਣ ਵਾਲੇ ਨੂੰ ਪਤਾ ਹੋਵੇ ਕਿ ਗੇਟ ਕਿਵੇਂ ਛੱਡਣੇ ਚਾਹੀਦੇ ਹਨ।
- ਜੇ ਤੁਹਾਨੂੰ ਜਾਪੇ ਕਿ ਕੋਈ ਨਿਸ਼ਾਨ ਗ਼ੈਰ-ਕਾਨੂੰਨੀ ਜਾਂ ਗੁਮਰਾਹ ਕਰਨ ਵਾਲਾ ਹੈ (ਮਿਸਾਲ ਵਜੋਂ, ਜੇ ਆਮ ਲੋਕਾਂ ਦੇ ਪੈਦਲ ਰਾਹ 'ਤੇ 'ਪ੍ਰਾਈਵੇਟ- ਅੰਦਰ ਆਉਣਾ ਮਨ੍ਹਾਂ ਹੈ' ਦਾ ਨਿਸ਼ਾਨ ਹੋਵੇ, ਤਾਂ ਲੋਕਲ ਅਥਾਰਿਟੀ ਜਾਂ ਕਾਉਂਸਿਲ ਨੂੰ ਦੱਸੋ।
- ਜੇ ਖੇਤਾਂ ਵਿਚ ਫ਼ਸਲਾਂ ਹੋਣ, ਤਾਂ ਜਿੱਥੇ ਤਕ ਹੋ ਸਕੇ, ਖੇਤਾਂ ਦੇ ਦੁਆਲੇ ਦੇ ਰਾਹਾਂ 'ਤੇ ਜਾਓ।
- ਜਿੱਥੇ ਤਕ ਵੀ ਹੋ ਸਕੇ, ਗੇਟਾਂ ਜਾਂ ਸਟਾਈਲਾਂ (ਤੰਗ ਗੇਟ ਜਿਹਨਾਂ ਵਿਚੋਂ ਬੰਦੇ ਲੰਘ ਸਕਦੇ ਹਨ ਪਰ ਪਸ਼ੂ ਨਹੀਂ) ਰਾਹੀਂ ਅੰਦਰ ਜਾਓ - ਕੰਧਾਂ ਅਤੇ ਵਾੜਾਂ ਨੂੰ ਟੱਪਣ ਨਾਲ ਇਹਨਾਂ ਨੂੰ ਨੁਕਸਾਨ ਹੋ ਸਕਦਾ ਹੈ, ਅਤੇ ਇਹਨਾਂ ਵਿਚੋਂ ਪਸ਼ੂਆਂ ਦੇ ਬਾਹਰ ਨਿਕਲ ਜਾਣ ਦਾ ਖ਼ਤਰਾ ਵਧ ਜਾਂਦਾ ਹੈ।
- ਸਾਡਾ ਵਿਰਸਾ ਸਾਡੇ ਸਭਨਾਂ ਦਾ ਹੈ - ਖ਼ਾਸ ਖ਼ਿਆਲ ਰੱਖੋ ਕਿ ਤੁਸੀਂ ਖੰਡਰਾਂ ਅਤੇ ਇਤਿਹਾਸਕ ਥਾਂਵਾਂ ਨਾਲ ਛੇੜ ਛਾੜ ਨਾ ਕਰੋ।
- ਮਸ਼ੀਨਰੀ ਅਤੇ ਪਸ਼ੂਆਂ ਦੇ ਨੇੜੇ ਨਾ ਜਾਓ - ਜੇ ਤੁਹਾਨੂੰ ਜਾਨਵਰ ਮੁਸੀਬਤ ਵਿਚ ਫਸੇ ਵੀ ਜਾਪਣ, ਤਦ ਵੀ ਤੁਸੀਂ ਉਹਨਾਂ ਨੂੰ ਨਾ ਛੇੜੋ। ਇਹਦੀ ਬਜਾਇ ਤੁਸੀਂ ਉਹਨਾਂ ਦੇ ਮਾਲਕ ਨੂੰ ਦੱਸੋ।

**ਬੂਟਿਆਂ ਅਤੇ ਜਾਨਵਰਾਂ ਦੀ ਹਿਫ਼ਾਜ਼ਤ ਕਰੋ, ਅਤੇ ਆਪਣਾ ਕੂੜਾ ਕਚਰਾ ਆਪਣੇ ਨਾਲ ਲੈ ਜਾਓ**

ਆਪਣੇ ਪੇਂਡੂ ਇਲਾਕਿਆਂ ਦੀ ਹੁਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਹਿਫ਼ਾਜ਼ਤ ਕਰਨਾ ਸਾਡਾ ਫ਼ਰਜ਼ ਹੈ, ਇਸ ਕਰਕੇ, ਜਾਨਵਰਾਂ, ਪੰਛੀਆਂ, ਬੂਟਿਆਂ ਅਤੇ ਦਰਖ਼ਤਾਂ ਨੂੰ ਨੁਕਸਾਨ ਨਾ ਪਹੁੰਚਾਓ।

- ਕੂੜੇ ਕਚਰੇ ਅਤੇ ਬਚੀਆਂ ਹੋਈਆਂ ਖਾਣ ਪੀਣ ਦੀਆਂ ਚੀਜ਼ਾਂ ਨਾਲ ਨਾ ਸਿਰਫ਼ ਪੇਂਡੂ ਇਲਾਕਿਆਂ ਦੀ ਸ਼ਕਲ ਸੂਰਤ ਹੀ ਖ਼ਰਾਬ ਹੁੰਦੀ ਹੈ, ਸਗੋਂ ਇਹਨਾਂ ਤੋਂ ਜੰਗਲੀ ਅਤੇ ਪਾਲਤੂ ਜਾਨਵਰਾਂ ਲਈ ਵੀ ਖ਼ਤਰਾ ਹੋ ਸਕਦਾ ਹੈ ਅਤੇ ਬੀਮਾਰੀਆਂ ਫੈਲ ਸਕਦੀਆਂ

ਹਨ - ਇਸ ਕਰਕੇ, ਤੁਸੀਂ ਆਪਣਾ ਕੂੜਾ ਕਚਰਾ ਆਪਣੇ ਨਾਲ ਘਰ ਲੈ ਜਾਓ। ਕੂੜਾ ਖਲਾਰਨਾ ਅਤੇ ਗ਼ਲਤ ਥਾਂਵਾਂ ’ਤੇ ਸੁੱਟਣਾ ਜੁਰਮ ਹਨ।

- ਕੁਦਰਤੀ ਮਾਹੌਲ ਵਿਚ ਸੁੰਦਰਤਾ ਲੱਭੋ, ਪਰ ਖ਼ਾਸ ਖ਼ਿਆਲ ਰੱਖੋ ਕਿ ਚੱਟਾਨਾਂ, ਬੂਟਿਆਂ ਅਤੇ ਦਰਖ਼ਤਾਂ ਵਰਗੀਆਂ ਚੀਜ਼ਾਂ ਨੂੰ ਨੁਕਸਾਨ ਨਾ ਹੋਵੇ। ਇਹਨਾਂ ਤੋਂ ਜੰਗਲੀ ਜਾਨਵਰਾਂ ਨੂੰ ਆਸਰਾ ਅਤੇ ਭੋਜਨ ਮਿਲਦਾ ਹੈ, ਅਤੇ ਪੇਂਡੂ ਥਾਂਵਾਂ ’ਤੇ ਸਭਨਾਂ ਲੋਕਾਂ ਨੂੰ ਇਹਨਾਂ ਤੋਂ ਖ਼ੁਸ਼ੀ ਮਿਲਦੀ ਹੈ।

- ਜੇ ਤੁਸੀਂ ਜੰਗਲੀ ਅਤੇ ਪਾਲਤੂ ਜਾਨਵਰਾਂ ਦੇ ਨੇੜੇ ਜਾਓਗੇ, ਤਾਂ ਇਹਨਾਂ ਦੇ ਵਤੀਰੇ ਬਾਰੇ ਪਹਿਲਾਂ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਖ਼ਾਸ ਤੌਰ ’ਤੇ ਜੇ ਇਹਨਾਂ ਦੇ ਬੱਚੇ ਇਹਨਾਂ ਦੇ ਨਾਲ ਹੋਣ - ਇਸ ਲਈ ਇਹਨਾਂ ਤੋਂ ਕਾਫ਼ੀ ਦੂਰ ਰਹੋ।

- ਅੱਗ ਲੱਗਣ ਨਾਲ ਜੰਗਲੀ ਜਾਨਵਰਾਂ ਅਤੇ ਮਾਹੌਲ ਦੀ ਵੀ ਉਸੇ ਤਰ੍ਹਾਂ ਤਬਾਹੀ ਹੋ ਸਕਦੀ ਹੈ ਜਿਸ ਤਰ੍ਹਾਂ ਲੋਕਾਂ ਦੀ ਅਤੇ ਉਹਨਾਂ ਦੇ ਮਾਲ ਜਾਇਦਾਦ ਦੀ। ਕਈ ਵਾਰ ਅਕਤੂਬਰ ਅਤੇ ਅਪ੍ਰੈਲ ਦੇ ਮਹੀਨਿਆਂ ਵਿਚਕਾਰ ਜਾਣ ਬੁੱਝ ਕੇ ਅੱਗ ਦੀ ਵਰਤੋਂ ਘਾਹ ਅਤੇ ਝਾੜ ਬੂਟਿਆਂ ਵਾਲੀਆਂ ਥਾਂਵਾਂ ’ਤੇ ਇਹਨਾਂ ਨੂੰ ਕਾਬੂ ਰੱਖਣ ਲਈ ਕੀਤੀ ਜਾਂਦੀ ਹੈ, ਇਸ ਕਰਕੇ, ਨੰਬਰ **999** ’ਤੇ ਫ਼ੋਨ ਕਰਨ ਤੋਂ ਪਹਿਲਾਂ ਪਤਾ ਕਰ ਲਓ ਕਿ ਕੀ ਅੱਗ ਇਸ ਢੰਗ ਨਾਲ ਜਾਣ ਬੁੱਝ ਕੇ ਤਾਂ ਨਹੀਂ ਲਾਈ ਗਈ।

### ਆਪਣੇ ਕੁੱਤਿਆਂ ਨੂੰ ਪੂਰੀ ਤਰ੍ਹਾਂ ਕਾਬੂ ਵਿਚ ਰੱਖੋ

ਕੁੱਤਿਆਂ ਦੀ ਕਸਰਤ ਕਰਵਾਉਣ ਲਈ ਪੇਂਡੂ ਥਾਂਵਾਂ ਵਧੀਆ ਹੁੰਦੀਆਂ ਹਨ, ਪਰ ਇਹ ਖ਼ਿਆਲ ਰੱਖਣਾ ਹਰ ਕੁੱਤੇ ਦੇ ਮਾਲਕ ਦਾ ਫ਼ਰਜ਼ ਹੈ ਕਿ ਉਹਦਾ ਕੁੱਤਾ ਪਾਲਤੂ ਅਤੇ ਜੰਗਲੀ ਜਾਨਵਰਾਂ ਅਤੇ ਹੋਰ ਲੋਕਾਂ ਦਾ ਨੁਕਸਾਨ ਨਾ ਕਰੇ ਅਤੇ ਉਹਨਾਂ ਨੂੰ ਤੰਗ ਨਾ ਕਰੇ।

- ਆਪਣੇ ਕੁੱਤੇ ਨੂੰ ਕਾਬੂ ਵਿਚ ਰੱਖਣਾ ਤੁਹਾਡੇ ਲਈ ਕਾਨੂੰਨੀ ਤੌਰ ’ਤੇ ਲਾਜ਼ਮੀ ਹੈ ਤਾਕਿ ਇਹ ਪਾਲਤੂ ਅਤੇ ਜੰਗਲੀ ਜਾਨਵਰਾਂ ਨੂੰ ਤੰਗ ਨਾ ਕਰੇ ਜਾਂ ਡਰਾਏ ਨਾ। 1 ਮਾਰਚ ਤੋਂ 31 ਜੁਲਾਈ ਤਕ ਜ਼ਿਆਦਾਤਰ ਖੁੱਲ੍ਹੀਆਂ ਪੇਂਡੂ ਥਾਂਵਾਂ ਅਤੇ ਸਾਂਝੀਆਂ ਥਾਂਵਾਂ ’ਤੇ, ਅਤੇ ਪਾਲਤੂ ਜਾਨਵਰਾਂ ਦੇ ਨੇੜੇ ਆਪਣੇ ਕੁੱਤੇ ਨੂੰ ਲਾਜ਼ਮੀ ਤੌਰ ’ਤੇ ਛੋਟੀ ਜਿਹੀ ਸੰਗਲੀ ਪਾ ਕੇ ਆਪਣੇ ਮੂਹਰੇ ਰੱਖਣਾ ਚਾਹੀਦਾ ਹੈ।
- ਆਮ ਪਬਲਿਕ ਦੇ ਰਸਤਿਆਂ ’ਤੇ ਕੁੱਤੇ ਨੂੰ ਮੂਹਰੇ ਰੱਖਣਾ ਤੁਹਾਡੇ ਲਈ ਲਾਜ਼ਮੀ ਨਹੀਂ, ਜਦ ਤਕ ਕੁੱਤਾ ਚੰਗੀ ਤਰ੍ਹਾਂ ਕਾਬੂ ਵਿਚ ਰਹੇ। ਪਰ ਜੇ ਤੁਸੀਂ ਕੁੱਤੇ ਦੀ ਹੁਕਮ ਮੰਨਣ ਦੀ ਆਦਤ ’ਤੇ ਭਰੋਸਾ ਨਹੀਂ ਕਰ ਸਕਦੇ, ਤਾਂ ਇਹਨੂੰ ਆਪਣੇ ਮੂਹਰੇ ਰੱਖੋ। ਜੇ ਕੋਈ ਕੁੱਤਾ ਕਿਸੇ ਫ਼ਾਰਮ ਦੇ ਜਾਨਵਰਾਂ ਨੂੰ ਨੁਕਸਾਨ ਪਹੁੰਚਾਏ ਜਾਂ ਤੰਗ ਕਰੇ ਤਾਂ ਕੁੱਤੇ ਨੂੰ ਮਾਰ ਦੇਣ ਦਾ ਕਾਨੂੰਨੀ ਹੱਕ ਫ਼ਾਰਮਾਂ ਦੇ ਮਾਲਿਕਾਂ ਨੂੰ ਹੁੰਦਾ ਹੈ।

- ਜੇ ਫ਼ਾਰਮ ਦਾ ਕੋਈ ਜਾਨਵਰ ਤੁਹਾਡਾ ਜਾਂ ਤੁਹਾਡੇ ਕੁੱਤੇ ਦਾ ਪਿੱਛਾ ਕਰੇ, ਤਾਂ ਕੁੱਤੇ ਨੂੰ ਛੱਡ ਦੇਣਾ ਸੁਰੱਖਿਅਤ ਹੈ - ਕੁੱਤੇ ਦਾ ਬਚਾਓ ਕਰਦਿਆਂ ਹੋਇਆਂ ਆਪਣੇ ਆਪ ਨੂੰ ਸੱਟ ਚੋਟ ਲਗਵਾਉਣ ਦਾ ਖ਼ਤਰਾ ਮੁੱਲ ਨਾ ਲਓ।
- ਖ਼ਾਸ ਖ਼ਿਆਲ ਰੱਖੋ ਕਿ ਤੁਹਾਡਾ ਕੁੱਤਾ ਭੇਡਾਂ ਅਤੇ ਮੇਮਣਿਆਂ ਨੂੰ ਨਾ ਡਰਾਏ, ਉਹਨਾਂ ਥਾਂਵਾਂ 'ਤੇ ਨਾ ਜਾਏ ਜਿੱਥੇ ਪੰਛੀ ਜ਼ਮੀਨ 'ਤੇ ਆਲ੍ਹਣੇ ਬਣਾਉਂਦੇ ਹਨ ਜਾਂ ਜਿੱਥੇ ਹੋਰ ਜੰਗਲੀ ਜਾਨਵਰ ਹੁੰਦੇ ਹਨ - ਜੇ ਆਂਡਿਆਂ ਜਾਂ ਬੱਚਿਆਂ ਦੀ ਹਿਫ਼ਾਜ਼ਤ ਉਹਨਾਂ ਦੇ ਮਾਪੇ ਨਾ ਕਰਨ ਤਾਂ ਇਹ ਛੇਤੀ ਹੀ ਮਰ ਜਾਣਗੇ।
- ਸਭਨਾਂ ਨੂੰ ਪਤਾ ਹੈ ਕਿ ਕੁੱਤੇ ਦੀ ਟੱਟੀ ਕਿੰਨੀ ਭੈੜੀ ਹੁੰਦੀ ਹੈ ਅਤੇ ਇਹ ਕਿਵੇਂ ਬੀਮਾਰੀਆਂ ਫੈਲਾਉਂਦੀ ਹੈ, ਇਸ ਕਰਕੇ ਜਦ ਕੁੱਤਾ ਟੱਟੀ ਕਰੇ ਉਹਤੋਂ ਬਾਅਦ ਕੁੱਤੇ ਨੂੰ ਸਾਫ਼ ਕਰ ਦਿਓ ਅਤੇ ਜ਼ਿੰਮੇਦਾਰੀ ਨਾਲ ਗੰਦਗੀ ਨੂੰ ਵੀ ਹਟਾ ਦਿਓ। ਇਹ ਖ਼ਿਆਲ ਵੀ ਰੱਖੋ ਕਿ ਕੁੱਤੇ ਨੂੰ ਬਾਕਾਇਦਾ ਕੀੜਿਆਂ ਤੋਂ ਰਹਿਤ ਕੀਤਾ ਜਾਏ।
- ਕਈ ਮੌਕਿਆਂ 'ਤੇ, ਹੋ ਸਕਦਾ ਹੈ ਕਿ ਖੁੱਲ੍ਹੀਆਂ ਥਾਂਵਾਂ 'ਤੇ ਕੁੱਤੇ ਨੂੰ ਲਿਜਾਣ ਦੀ ਮਨਾਹੀ ਵੀ ਹੋ ਸਕਦੀ ਹੈ ਜਾਂ ਇਹਨੂੰ ਸੰਗਲੀ ਪਾ ਕੇ ਮੂਹਰੇ ਰੱਖਣਾ ਲਾਜ਼ਮੀ ਹੋ ਸਕਦਾ ਹੈ। ਇਹਨਾਂ ਨਿਯਮਾਂ ਬਾਰੇ ਹੋਰ ਜਾਣਕਾਰੀ ਤੁਸੀਂ **www.countrysideaccess.gov.uk** ਦੇ ਪਤੇ 'ਤੇ ਜਾਂ **openacess@countryside.gov.uk** ਨੂੰ ਈਮੇਲ ਭੇਜ ਕੇ ਜਾਂ ਨੰਬਰ **0845 100 3298** 'ਤੇ ਫ਼ੋਨ ਕਰਕੇ ਲੈ ਸਕਦੇ ਹੋ।

## ਹੋਰ ਲੋਕਾਂ ਦਾ ਵੀ ਧਿਆਨ ਰੱਖੋ

ਹੋਰ ਲੋਕਾਂ ਵਲ ਧਿਆਨ ਦੇਣ ਨਾਲ ਪੇਂਡੂ ਇਲਾਕੇ ਸਭਨਾਂ ਲਈ ਸੁਖਦਾਈ ਥਾਂਵਾਂ ਬਣ ਸਕਦੇ ਹਨ - ਘਰ ਵਿਚ, ਕੰਮ 'ਤੇ ਅਤੇ ਵਿਹਲਾ ਸਮਾਂ ਬਿਤਾਉਣ ਲਈ ਵੀ।

- ਪੇਂਡੂ ਇਲਾਕਿਆਂ ਵਿਚ ਛੋਟੀਆਂ ਸੜਕਾਂ 'ਤੇ ਜ਼ਿਆਦਾ ਟ੍ਰੈਫ਼ਿਕ ਪਰੇਸ਼ਾਨ ਕਰ ਸਕਦੀ ਹੈ, ਅਤੇ ਸਥਾਨਕ ਲੋਕਾਂ, ਬਾਹਰੋਂ ਆਉਣ ਵਾਲਿਆਂ ਅਤੇ ਜੰਗਲੀ ਜਾਨਵਰਾਂ ਨੂੰ ਇਹਤੋਂ ਖ਼ਤਰਾ ਹੋ ਸਕਦਾ ਹੈ। ਇਸ ਕਰਕੇ, ਤੁਸੀਂ ਆਪਣੀ ਸਪੀਡ ਘਟਾ ਲਓ, ਝਤੇ ਹੋ ਸਕੇ ਤਾਂ ਵਾਪਣੀ ਗੱਡੀਵਾਂ ਘਰ ਛੱਡ ਜਾਓ, ਕਿਸੇ ਹੋਰ ਨਾਲ ਗੱਡੀ ਵਿਚ ਜਾਣ ਦੀ ਜਾਂ ਪਬਲਿਕ ਟ੍ਰਾਂਸਪੋਰਟ ਜਾਂ ਸਾਈਕਲ ਦੀ ਵਰਤੋਂ ਕਰਨ ਬਾਰੇ ਸੋਚੋ। ਪਬਲਿਕ ਟ੍ਰਾਂਸਪੋਰਟ ਬਾਰੇ ਜਾਣਕਾਰੀ ਲੈਣ ਲਈ ਨੰਬਰ **0870 608 2608** 'ਤੇ ਫ਼ੋਨ ਕਰੋ, ਜਾਂ ਵੈੱਬਸਾਈਟ **www.countrysideaccess.gov.uk** ਤੋਂ ਕੰਮ ਆਉਣ ਵਾਲੇ ਲਿੰਕਾਂ ਬਾਰੇ ਪਤਾ ਕਰੋ।
- ਸਥਾਨਕ ਲੋਕਾਂ ਦੀਆਂ ਲੋੜਾਂ ਦਾ ਖ਼ਿਆਲ ਰੱਖੋ - ਮਿਸਾਲ ਵਜੋਂ, ਆਪਣੀ ਗੱਡੀ ਖੜ੍ਹੀ ਕਰਕੇ ਲੋਕਾਂ ਦੇ ਗੇਟਾਂ, ਡ੍ਰਾਈਵ ਵੇਆਂ, ਅਤੇ ਆਉਣ ਜਾਣ ਦੇ ਰਸਤਿਆਂ ਵਿਚ ਅੜਚਨ ਨਾ ਪਾਓ।

- ਜਦ ਫ਼ਾਰਮਾਂ ਦੇ ਪਸ਼ੂਆਂ ਨੂੰ ਇਕੱਠੇ ਕੀਤਾ ਜਾਂ ਲਿਜਾਇਆ ਜਾ ਰਿਹਾ ਹੋਵੇ, ਤਾਂ ਤੁਸੀਂ ਉਹਨਾਂ ਦੇ ਰਾਹ ਵਿਚ ਨਾ ਖੜ੍ਹੋ, ਅਤੇ ਤੁਸੀਂ ਫ਼ਾਰਮ ਦੇ ਮਾਲਕ ਦੀਆਂ ਹਿਦਾਇਤਾਂ ਦਾ ਪਾਲਣ ਕਰੋ।
- ਸਾਈਕਲ ਜਾਂ ਗੱਡੀ ਚਲਾਉਂਦਿਆਂ ਹੋਇਆਂ, ਘੋੜਿਆਂ, ਪੈਦਲ ਚੱਲਣ ਵਾਲਿਆਂ ਅਤੇ ਪਸ਼ੂਆਂ ਨੂੰ ਦੇਖ ਕੇ ਸਪੀਡ ਹੌਲੀ ਕਰੋ ਅਤੇ ਉਹਨਾਂ ਤੋਂ ਕਾਫ਼ੀ ਦੂਰ ਰਹੋ। ਸਾਈਕਲ ਚਲਾਉਣ ਵਾਲਿਆਂ ਲਈ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ ਕਿ ਉਹ ਪੈਦਲ ਚੱਲਣ ਵਾਲਿਆਂ ਅਤੇ ਘੋੜ-ਸਵਾਰਾਂ ਨੂੰ ਰਾਹ ਦੇਣ।
- ਪੇਂਡੂ ਇਲਾਕਿਆਂ ਦੀ ਆਰਥਿਕ ਤੌਰ 'ਤੇ ਮਦਦ ਕਰੋ - ਮਿਸਾਲ ਵਜੋਂ ਤੁਸੀਂ ਆਪਣੇ ਲਈ ਲੋੜੀਂਦਾ ਸਮਾਨ ਉੱਥੋਂ ਦੀਆਂ ਦੁਕਾਨਾਂ ਤੋਂ ਖ਼ਰੀਦੋ।

**ਆਮ ਲੋਕਾਂ ਲਈ ਜਾਣਕਾਰੀ**

ਪੇਂਡੂ ਇਲਾਕਿਆਂ ਤਕ ਪਹੁੰਚ ਕਰਨ ਦੇ ਢੰਗਾਂ ਅਤੇ ਥਾਂਵਾਂ ਬਾਰੇ ਜਾਣਕਾਰੀ **www.countrysideaccess.gov.uk** ਵੈੱਬਸਾਈਟ ਤੋਂ ਲਓ। ਜਾਂ ਆਪਣੇ ਨੇੜੇ ਦੇ ਵਿਜ਼ਿਟਰ ਸੈਂਟਰ ਜਾਂ ਲਾਇਬ੍ਰੇਰੀ ਨਾਲ ਰਾਬਤਾ ਕਰੋ। (ਇਹਨਾਂ ਦੀ ਲਿਸਟ ਤੁਸੀਂ ਵੈੱਬਸਾਈਟ **www.yell.com** ਤੋਂ ਲੈ ਸਕਦੇ ਹੋ)।

ਪਹੁੰਚ ਕਰਨ ਦੇ ਨਵੇਂ ਹੱਕਾਂ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਲਓ:

**www.countrysideaccess.gov.uk** ਜਾਂ ਇਸ ਪਤੇ 'ਤੇ ਈਮੇਲ ਭੇਜੋ:

**openaccess@countrysideaccess.gov.uk** ਜਾਂ ਨੰਬਰ **0845 100 3298** 'ਤੇ ਫ਼ੋਨ ਕਰੋ।

ਜਿਹੜੇ ਇਲਾਕੇ ਕੁਦਰਤੀ ਸੁੰਦਰਤਾ ਦੀ ਸੰਭਾਲ ਦੇ ਪੱਖ ਤੋਂ ਖ਼ਾਸ ਤੌਰ 'ਤੇ ਦਿਲਚਸਪ ਹਨ ਉਹਨਾਂ ਦੇ ਨਕਸ਼ੇ ਅਤੇ ਉੱਥੇ ਸਵਾਰੀ ਕਰਨ ਜਾਂ ਪੈਦਲ ਜਾਣ ਬਾਰੇ ਹੋਰ ਜਾਣਕਾਰੀ ਵੈੱਬਸਾਈਟ **www.countrywalks.defra.gov.uk** ਤੋਂ ਲਓ।

ਕੁਝ ਖ਼ਾਸ ਇਲਾਕਿਆਂ ਵਿਚ ਜਾਣ ਦੇ ਮਸਲਿਆਂ ਅਤੇ ਜਾਣ ਦੇ ਹੱਕ ਬਾਰੇ ਜਾਣਕਾਰੀ ਸੰਬੰਧਤ ਲੋਕਲ ਅਥਾਰਿਟੀ ਦੇ 'ਕੰਟ੍ਰੀਸਾਈਡ' (Countryside) ਜਾਂ 'ਰਾਈਟ ਆੱਵ ਦ ਵੇਅ' (Rights of Way) ਡਿਪਾਰਟਮੈਂਟ ਤੋਂ ਜਾਂ ਨੈਸ਼ਨਲ ਪਾਰਕ (National Park authority) ਅਥਾਰਿਟੀ ਤੋਂ ਲਓ।

ਸਕਾਟਲੈਂਡ ਦੇ ਇਲਾਕਿਆਂ ਵਿਚ ਜਾਣ ਬਾਰੇ ਜਾਣਕਾਰੀ 'ਸਕਾਟਿਸ਼ ਆਊਟਡੋਰ ਐਕਸੈਸ ਕੋਡ' (Scottish Access Code) ਤੋਂ ਲਓ ਜਾਂ ਸਕਾਟਿਸ਼ ਨੈਚੁਰਲ ਹੈਰੀਟੇਜ (Scottish Natural Heritage) ਦੀ ਇਸ ਵੈੱਬਸਾਈਟ 'ਤੇ ਜਾਓ -

**www.snh.org.uk/soac**

ਵੇਲਜ਼ ਦੇ ਇਲਾਕਿਆਂ ਵਿਚ ਜਾਣ ਬਾਰੇ ਜਾਣਕਾਰੀ 'ਵੈਲਸ਼ ਕੰਟ੍ਰੀਸਾਈਡ ਕੋਡ' (Welsh Countryside Code) ਤੋਂ ਲਓ ਜਾਂ ਵੈੱਬਸਾਈਟ **www.ccw.gov.uk** 'ਤੇ ਜਾਓ।

**ਪੇਂਡੂ ਇਲਾਕਿਆਂ ਦੇ ਨਿਯਮ - ਜ਼ਮੀਨ ਦੇ ਪ੍ਰਬੰਧਕਾਂ ਨੂੰ ਸਲਾਹ**

ਪੇਂਡੂ ਇਲਾਕਿਆਂ ਵਿਚ ਜਾਣ ਵਾਲੇ ਲੋਕ ਇਹਨਾਂ ਥਾਂਵਾਂ ਨੂੰ ਆਰਥਿਕ ਤੌਰ 'ਤੇ ਕਾਫ਼ੀ ਆਮਦਨ ਦਿੰਦੇ ਹਨ। ਇਹਨਾਂ ਵਿਚੋਂ ਜ਼ਿਆਦਾਤਰ ਲੋਕ ਸਾਫ਼ ਦਿਖਾਈ ਦਿੰਦੇ ਰਾਹਾਂ 'ਤੇ ਜਾਣਾ ਅਤੇ ਪਹੁੰਚ ਕਰਨ ਲਈ ਗੇਟਾਂ ਵਰਗੀਆਂ ਸਹੀ ਥਾਂਵਾਂ ਦੀ ਵਰਤੋਂ ਕਰਨਾ ਵਧੇਰੇ ਪਸੰਦ ਕਰਦੇ ਹਨ, ਅਤੇ ਆਮ ਤੌਰ 'ਤੇ ਉਹ ਠੀਕ ਕੰਮ ਹੀ ਕਰਦੇ ਹਨ - ਪਰ ਇਹਨਾਂ ਨੂੰ ਤੁਹਾਡੀ ਮਦਦ ਦੀ ਲੋੜ ਪੈਂਦੀ ਹੈ।

**ਆਪਣੇ ਫ਼ਰਜ਼ਾਂ, ਜ਼ਿੰਮੇਦਾਰੀਆਂ ਅਤੇ ਦੇਣਦਾਰੀਆਂ ਨੂੰ ਸਮਝੋ**

- ਤੁਹਾਡੀ ਜ਼ਮੀਨ 'ਤੇ ਲੋਕ ਕਿੱਥੇ ਕਿੱਥੇ ਜਾ ਸਕਦੇ ਹਨ?
- ਜਦ ਉਹ ਤੁਹਾਡੀ ਜ਼ਮੀਨ 'ਤੇ ਹੁੰਦੇ ਹਨ, ਤਾਂ ਉਹਨਾਂ 'ਤੇ ਕਿਹੜੇ ਨਿਯਮ ਲਾਗੂ ਹੁੰਦੇ ਹਨ?
- ਤੁਹਾਡੀ ਜ਼ਮੀਨ 'ਤੇ ਜਿਹੜੇ ਹੋਰ ਲੋਕ ਆਉਣ, ਉਹਨਾਂ ਪ੍ਰਤੀ ਤੁਹਾਡੇ ਕੀ ਹੱਕ ਅਤੇ ਜ਼ਿੰਮੇਦਾਰੀਆਂ ਹਨ?

**ਆਉਣ ਵਾਲਿਆਂ ਲਈ ਜ਼ਿੰਮੇਦਾਰੀ ਵਾਲੇ ਕੰਮ ਕਰਨਾ ਆਸਾਨ ਬਣਾਓ**

- ਜ਼ਿੰਮੇਦਾਰੀ ਨਾਲ ਤੁਹਾਡੀ ਜ਼ਮੀਨ 'ਤੇ ਆਉਣ ਅਤੇ ਪੇਂਡੂ ਇਲਾਕਿਆਂ ਦੇ ਨਿਯਮਾਂ ਦਾ ਪਾਲਣ ਕਰਨ ਵਿਚ ਤੁਸੀਂ ਲੋਕਾਂ ਦੀ ਮਦਦ ਕਿਸ ਢੰਗ ਨਾਲ ਕਰ ਸਕਦੇ ਹੋ?
- ਤੁਸੀਂ ਕਿਹੜੀ ਮਦਦ ਅਤੇ ਸਲਾਹ ਦੇ ਸਕਦੇ ਹੋ?

**ਬਾਹਰੋਂ ਆਉਣ ਵਾਲਿਆਂ ਦੀ ਸੁਰੱਖਿਆ ਨੂੰ ਹੋ ਸਕਣ ਵਾਲੇ ਖ਼ਤਰਿਆਂ ਦੀ ਪਛਾਣ ਕਰੋ**

- ਕੀ ਤੁਹਾਡੀ ਜ਼ਮੀਨ 'ਤੇ ਲੋਕਾਂ ਦੀ ਸੁਰੱਖਿਆ ਨੂੰ ਕੋਈ ਖ਼ਤਰੇ ਹਨ, ਅਤੇ ਤੁਸੀਂ ਇਹਨਾਂ ਖ਼ਤਰਿਆਂ ਨੂੰ ਕਿਵੇਂ ਦੂਰ ਕਰ ਸਕਦੇ ਹੋ?

**ਆਪਣੇ ਫ਼ਰਜ਼ਾਂ, ਜ਼ਿੰਮੇਦਾਰੀਆਂ ਅਤੇ ਦੇਣਦਾਰੀਆਂ ਨੂੰ ਸਮਝੋ**

- ਜ਼ਮੀਨ 'ਤੇ ਬਾਹਰਲੇ ਲੋਕਾਂ ਨੂੰ ਆਉਣ ਦੇਣ ਦੇ ਵੱਖ ਵੱਖ ਢੰਗ ਹੁੰਦੇ ਹਨ। ਹੋਰ ਜਾਣਕਾਰੀ ਲੈਣ ਲਈ ਕਿ ਇਹਨਾਂ ਦਾ ਅਸਰ ਤੁਹਾਡੇ ਹੱਕਾਂ, ਜ਼ਿੰਮੇਦਾਰੀਆਂ ਅਤੇ ਦੇਣਦਾਰੀਆਂ 'ਤੇ ਕੀ ਪੈਂਦਾ ਹੈ, ਤੁਸੀਂ ਆਪਣੀ ਲੋਕਲ ਅਥਾਰਿਟੀ ਜਾਂ ਨੈਸ਼ਨਲ ਪਾਰਕ ਅਥਾਰਿਟੀ ਨਾਲ ਰਾਬਤਾ ਕਰੋ, ਜਾਂ ਵੈੱਬਸਾਈਟ **www.countrysideaccess.gov.uk** 'ਤੇ ਜ਼ਮੀਨਾਂ ਦੇ ਮੈਨੇਜਰਾਂ ਵਾਲਾ ਹਿੱਸਾ ਦੇਖੋ।
- ਔਰਡਨੈਂਸ ਸਰਵੇਅ ਦੇ 1:25,000 ਨਕਸ਼ਿਆਂ 'ਤੇ ਉਹ ਰਾਹ ਦਿਖਾਏ ਹੁੰਦੇ ਹਨ ਜਿਹਨਾਂ 'ਤੇ ਆਮ ਲੋਕਾਂ ਨੂੰ ਜਾਣ ਦਾ ਹੱਕ ਹੈ। ਇਹ ਨਕਸ਼ੇ ਆਮ ਤੌਰ 'ਤੇ ਭਰੋਸੇਯੋਗ ਹੁੰਦੇ ਹਨ, ਪਰ ਸੌ ਫ਼ੀ ਸਦੀ ਠੀਕ ਨਹੀਂ। ਇਸ ਲਈ, ਤੁਹਾਨੂੰ ਜਾਣ ਦੇ ਹੱਕ ਦੇ ਕਾਨੂੰਨੀ ਦਰਜੇ ਬਾਰੇ ਆਪਣੀ ਲੋਕਲ ਅਥਾਰਿਟੀ ਤੋਂ ਪਤਾ ਕਰਨਾ ਚਾਹੀਦਾ ਹੈ। ਤੁਸੀਂ ਵੈੱਬਸਾਈਟ

**www.countrysideaccess.gov.uk** ਤੋਂ ਪਤਾ ਕਰ ਸਕਦੇ ਹੋ ਕਿ ਜ਼ਮੀਨ ਦੇ ਕਿਹੜੇ ਹਿੱਸੇ 'ਕੰਟ੍ਰੀਸਾਈਡ ਐਂਡ ਰਾਈਟਸ ਆੱਵ ਵੇਅ ਐਕਟ 2000' (Countryside and Rights of Way Act) ਵਾਲੇ ਨਕਸ਼ੇ ਵਿਚ ਸ਼ਾਮਿਲ ਹਨ।

- ਕਾਨੂੰਨ ਇਹ ਹੈ ਕਿ ਜਿਹਨਾਂ ਰਾਹਾਂ 'ਤੇ ਲੋਕਾਂ ਨੂੰ ਜਾਣ ਦਾ ਹੱਕ ਹੈ ਉਹਨਾਂ ਵਿਚ ਤੁਸੀਂ ਕੋਈ ਅੜਚਨ ਨਹੀਂ ਪਾ ਸਕਦੇ ਅਤੇ ਜਿਸ ਜ਼ਮੀਨ 'ਤੇ ਉਹ ਜਾ ਸਕਦੇ ਹਨ ਉੱਥੇ ਜਾਣੋਂ ਉਹਨਾਂ ਨੂੰ ਰੋਕ ਨਹੀਂ ਸਕਦੇ - ਆਮ ਲੋਕਾਂ ਨੂੰ ਜਾਣੋਂ ਰੋਕਣ ਦੀ ਕੋਸ਼ਿਸ਼ ਕਰਨ ਲਈ ਭੁਲੇਖਾ-ਪਾਊ ਨਿਸ਼ਾਨ ਲਾਉਣਾ ਜੁਰਮ ਹੈ।
- ਜਿੱਥੇ ਜਾਣਾ ਮਨ੍ਹਾਂ ਹੁੰਦਾ ਹੈ ਉੱਥੇ ਲੋਕ ਅਕਸਰ ਅਣਜਾਣਪੁਣੇ ਵਿਚ ਚਲੇ ਜਾਂਦੇ ਹਨ। ਇਸ ਤਰ੍ਹਾਂ ਮਨਾਹੀ ਵਾਲੀਆਂ ਥਾਂਵਾਂ 'ਤੇ ਚਲੇ ਜਾਣ ਵਾਲੇ ਲੋਕਾਂ ਨਾਲ ਨਿਪਟਣ ਬਾਰੇ ਤੁਸੀਂ ਵੈੱਬਸਾਈਟ **www.countrysideaccess.gov.uk** 'ਤੇ ਜ਼ਮੀਨ ਦੇ ਮੈਨੇਜਰਾਂ ਵਾਲੇ ਹਿੱਸੇ ਵਿਚ 'Managing Public Access Advice Sheets' ਪੜ੍ਹੋ। ਜਾਂ ਤੁਸੀਂ ਇਹਦੀ ਕਾਪੀ ਲੈਣ ਲਈ ਓਪਨ ਐਕਸੈਸ ਕਾਂਟੈਕਟ ਸੈਂਟਰ (Open Access Contact Centre) ਨਾਲ ਨੰਬਰ **0845 100 3298** 'ਤੇ ਰਾਬਤਾ ਕਰੋ।

**ਆਉਣ ਵਾਲਿਆਂ ਲਈ ਜ਼ਿੰਮੇਦਾਰੀ ਵਾਲੇ ਕੰਮ ਕਰਨਾ ਆਸਾਨ ਬਣਾਓ**

- ਜੇ ਤੁਸੀਂ ਰਸਤਿਆਂ, ਹੱਦਾਂ, ਰਸਤਿਆਂ ਦੇ ਨਿਸ਼ਾਨਾਂ, ਗੇਟਾਂ ਅਤੇ ਬੰਦਿਆਂ ਲਈ ਬਣਾਏ ਤੰਗ ਗੇਟਾਂ ਨੂੰ ਚੰਗੀ ਹਾਲਤ ਵਿਚ ਰੱਖੋਗੇ ਤਾਂ ਲੋਕਾਂ ਲਈ ਤੁਹਾਡੀ ਥਾਂ 'ਤੇ ਆਉਣਾ ਸੌਖਾ ਹੋ ਜਾਏਗਾ। ਤੁਸੀਂ ਆਪਣੀ ਲੋਕਲ ਅਥਾਰਿਟੀ ਜਾਂ ਨੈਸ਼ਨਲ ਪਾਰਕ ਅਥਾਰਿਟੀ ਤੋਂ ਪੁੱਛੋ ਕਿ ਇਸ ਕੰਮ ਵਿਚ ਤੁਹਾਨੂੰ ਕਿਸ ਕਿਸਮ ਦੀ ਮਦਦ ਮਿਲ ਸਕਦੀ ਹੈ।
- ਜੇ ਹੱਦ ਦਰਸਾਉਣ ਵਾਲੀ ਕਿਸੇ ਚੀਜ਼ ਦੇ ਰਾਹੀਂ ਆਮ ਲੋਕਾਂ ਲਈ ਲਾਂਘਾ ਹੈ, ਜਿਵੇਂ ਕਿਸੇ ਵਾੜ ਵਿੱਚੋਂ, ਤਾਂ ਹੋ ਸਕੇ ਤਾਂ ਤੁਸੀਂ ਇਹਦੇ ਵਿਚ ਰੱਖੀ ਖ਼ਾਲੀ ਥਾਂ ਦੀ ਵਰਤੋਂ ਕਰੋ। ਜੇ ਇਹ ਨਾ ਹੋ ਸਕੇ, ਤਾਂ ਸੌਖੀ ਤਰ੍ਹਾਂ ਵਰਤੇ ਜਾਣ ਵਾਲੇ ਕਿਸੇ ਗੇਟ ਦੀ ਵਰਤੋਂ ਕਰੋ, ਅਤੇ ਬਹੁਤ ਖ਼ਾਸ ਲੋੜ ਪੈਣ 'ਤੇ ਕਿਸੇ ਸਟਾਈਲ ਦੀ ਵਰਤੋਂ ਕਰੋ। ਨਵੇਂ ਗੇਟ ਅਤੇ ਸਟਾਈਲਾਂ ਲਾਉਣ ਵੇਲੇ ਇਹ ਆਪਣੀ ਲੋਕਲ ਅਥਾਰਿਟੀ ਤੋਂ ਇਜਾਜ਼ਤ ਲੈਣਾ ਯਾਦ ਰੱਖੋ।
- ਲੋੜ ਪੈਣ 'ਤੇ, ਲੋਕਾਂ ਨੂੰ ਸਪਸ਼ਟ ਅਤੇ ਨਿਮਰਤਾ ਵਾਲੇ ਢੰਗ ਨਾਲ ਹਿਦਾਇਤਾਂ ਦੇ ਕੇ ਉਹਨਾਂ ਨੂੰ ਉਤਸ਼ਾਹ ਦਿਓ ਕਿ ਉਹ ਤੁਹਾਡੀਆਂ ਇੱਛਾਵਾਂ ਦਾ ਸਤਿਕਾਰ ਕਰਨ। ਮਿਸਾਲ ਵਜੋਂ, ਜੇ ਤੁਸੀਂ ਜ਼ਮੀਨ ਦੇ ਪ੍ਰਬੰਧ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਬਾਹਰੋਂ ਆਉਣ ਵਾਲਿਆਂ ਨੂੰ ਦੱਸ ਦਿਓਗੇ, ਤਾਂ ਉਹ ਤੁਹਾਡੇ ਕੰਮ ਵਿਚ ਅੜਚਨ ਨਹੀਂ ਬਣਨਗੇ।

- ਜਿੱਥੇ ਪਹਿਲਾਂ ਕੂੜਾ ਪਿਆ ਹੋਵੇ, ਉੱਥੇ ਲੋਕ ਹੋਰ ਕੂੜਾ ਸੁੱਟ ਦਿੰਦੇ ਹਨ - ਇਸ ਲਈ ਜੇ ਤੁਸੀਂ ਫ਼ਾਰਮ ਦੇ ਕੂੜੇ ਨੂੰ ਹਟਾਓਗੇ ਤਾਂ ਲੋਕ ਉੱਥੇ ਗ਼ੈਰ-ਕਾਨੂੰਨੀ ਢੰਗ ਨਾਲ ਕੂੜਾ ਨਹੀਂ ਸੁੱਟਣਗੇ ਅਤੇ ਤੁਸੀਂ ਹੋਰ ਲੋਕਾਂ ਨੂੰ ਜ਼ਿੰਮੇਦਾਰੀ ਨਾਲ ਕੂੜਾ ਹਟਾਉਣ ਲਈ ਉਤਸ਼ਾਹ ਦਿਓਗੇ।

**ਬਾਹਰੋਂ ਆਉਣ ਵਾਲੇ ਲੋਕਾਂ ਨੂੰ ਵਾਪਰ ਸਕਣ ਵਾਲੇ ਖ਼ਤਰਿਆਂ ਦੀ ਪਛਾਣ ਕਰੋ**

- 1957 ਅਤੇ 1984 ਦੇ ਆਕਿਉਪਾਈਅਰਜ਼ ਲਾਇਬਿਲਿਟੀ ਐਕਟਾਂ (Occupiers' Liability Acts of 1957 and 1984) ਦੇ ਤਹਿਤ ਧਿਆਨ ਦੇਣ ਦੀ ਤੁਹਾਡੀ ਜ਼ਿੰਮੇਦਾਰੀ ਇਸ ਗੱਲ 'ਤੇ ਨਿਰਭਰ ਹੈ ਕਿ ਤੁਹਾਡੀ ਥਾਂ 'ਤੇ ਆਉਣ ਦੇ ਲੋਕਾਂ ਦੇ ਹੱਕ ਕੀ ਹਨ - ਇਸ ਲਈ ਇਹ ਪਤਾ ਕਰਨਾ ਜ਼ਰੂਰੀ ਹੈ ਕਿ ਕੀ ਲੋਕਾਂ ਨੂੰ ਤੁਹਾਡੀ ਜ਼ਮੀਨ 'ਤੇ ਆਉਣ ਦੇ ਕੋਈ ਹੱਕ ਹਨ। ਇਹਦੇ ਬਾਰੇ ਹੋਰ ਜਾਣਕਾਰੀ ਲੈਣ ਲਈ ਕੰਟਰੀ ਲੈਂਡ ਐਂਡ ਬਿਜ਼ਨੈੱਸ ਐਸੋਸੀਏਸ਼ਨ (Country Land and Business Association) ਨਾਲ ਫ਼ੋਨ ਨੰਬਰ **020 7235 0511** 'ਤੇ ਜਾਂ ਨੈਸ਼ਨਲ ਫ਼ਾਰਮਰਜ਼ ਯੂਨੀਅਨ ਨਾਲ ਫ਼ੋਨ ਨੰਬਰ **0870 845 8458** 'ਤੇ ਰਾਬਤਾ ਕਰੋ।
- ਵਿਚਾਰ ਕਰੋ ਕਿ ਕੀ ਤੁਹਾਡੀ ਜ਼ਮੀਨ 'ਤੇ ਕੋਈ ਬੰਦਿਆਂ ਹੱਥੋਂ ਬਣੇ ਜਾਂ ਕੁਦਰਤੀ ਖ਼ਤਰੇ ਹਨ, ਅਤੇ ਜੇ ਇਹ ਖ਼ਤਰੇ ਸਪਸ਼ਟ ਨਹੀਂ ਦਿਸਦੇ ਤਾਂ ਤੁਸੀਂ ਇਹਨਾਂ ਵਲ ਲੋਕਾਂ ਦਾ ਧਿਆਨ ਦੁਆਓ।
- ਜਿਹਨਾਂ ਥਾਂਵਾਂ ਦੇ ਨੇੜੇ ਲੋਕ ਆਉਂਦੇ ਜਾਂਦੇ ਹਨ ਉਹਨਾਂ ਦੇ ਨੇੜੇ ਬਿਜਲੀ ਵਾਲੀ ਵਾੜ ਜਾਂ ਹੋਰ ਕੋਈ ਖ਼ਤਰਨਾਕ ਚੀਜ਼ ਨਾ ਲਾਓ, ਖ਼ਾਸ ਤੌਰ 'ਤੇ ਉਸ ਉਚਾਈ 'ਤੇ ਜਿੱਥੇ ਕਿਸੇ ਬੱਚੇ ਦਾ ਹੱਥ ਪਹੁੰਚ ਸਕੇ। ਕੰਡਿਆਲੀ ਤਾਰ ਦੀ ਥਾਂ ਸਾਦੀ ਤਾਰ ਲਾਉਣਾ ਵੱਧ ਠੀਕ ਹੈ।
- ਜਿਹੜੇ ਜਾਨਵਰ ਲੋਕਾਂ 'ਤੇ ਹਮਲਾ ਕਰ ਸਕਦੇ ਹਨ ਉਹਨਾਂ ਨੂੰ ਅਜਿਹੀਆਂ ਥਾਂਵਾਂ 'ਤੇ ਖੁੱਲ੍ਹੇ ਨਾ ਘੁੰਮਣ ਦਿਓ ਜਿੱਥੇ ਆਮ ਲੋਕ ਆ ਜਾ ਸਕਦੇ ਹਨ - ਜੇ ਜਾਨਵਰਾਂ ਤੋਂ ਉਹਨਾਂ ਲੋਕਾਂ ਨੂੰ ਕੋਈ ਨੁਕਸਾਨ ਹੋ ਜਾਏ ਤਾਂ ਇਹਦੀ ਜ਼ਿੰਮੇਦਾਰੀ ਤੁਹਾਡੇ ਸਿਰ ਪੈ ਸਕਦੀ ਹੈ।

**ਜ਼ਮੀਨ ਦੇ ਪ੍ਰਬੰਧਕਾਂ ਲਈ ਜਾਣਕਾਰੀ**

ਮੈਨੇਜਿੰਗ ਪਬਲਿਕ ਐਕਸੈੱਸ ਐਡਵਾਈਸ ਸ਼ੀਟਾਂ (Managing Public Access Advice Sheets) ਲੈਣ ਲਈ ਵੈੱਬਸਾਈਟ **www.countrysideaccess.gov.uk** ਦੇ ਜ਼ਮੀਨ ਦੇ ਮੈਨੇਜਰਾਂ ਵਾਲੇ ਹਿੱਸੇ ਨੂੰ ਪੜ੍ਹੋ, ਜਾਂ ਓਪਨ ਐਕਸੈਸ ਕਾਂਟੈਕਟ ਸੈਂਟਰ (Open Access Contact Centre) ਨੂੰ ਨੰਬਰ **0845 100 3298** 'ਤੇ ਫ਼ੋਨ ਕਰੋ।

ਕੰਟਰੀਸਾਈਡ ਐਂਡ ਰਾਈਟਸ ਆੱਵ ਵੇਅ ਐਕਟ ਅਨੁਸਾਰ ਨਕਸ਼ੇ ਅਤੇ ਪਹੁੰਚ ਕਰਨ ਦੇ ਹੱਕਾਂ ਬਾਰੇ ਜਾਣਕਾਰੀ ਲੈਣ ਲਈ ਵੈੱਬਸਾਈਟ **www.openaccess.gov.uk** ਦੇ **ਜ਼ਮੀਨ ਦੇ ਮੈਨੇਜਰਾਂ ਵਾਲੇ** ਹਿੱਸੇ ਨੂੰ ਪੜ੍ਹੋ, ਜਾਂ ਓਪਨ ਐਕਸੈਸ ਕਾਂਟੈਕਟ ਸੈਂਟਰ ਨੂੰ ਨੰਬਰ **0845 100 3298** 'ਤੇ ਫ਼ੋਨ ਕਰੋ।

ਖ਼ਾਸ ਮਸਲਿਆਂ ਬਾਰੇ ਜਾਂ ਪਹੁੰਚ ਕਰਨ ਦੇ ਹੱਕ ਬਾਰੇ ਆਪਣੀ ਲੋਕਲ ਅਥਾਰਿਟੀ ਦੇ ਕੰਟਰੀਸਾਈਡ ਜਾਂ ਰਾਈਟਸ ਆੱਵ ਵੇਅ ਡਿਪਾਰਟਮੈਂਟ ਜਾਂ ਨੈਸ਼ਨਲ ਪਾਰਕ ਅਥਾਰਿਟੀ ਤੋਂ ਮਦਦ ਲਓ; ਵੈੱਬਸਾਈਟ **www.countrysideaccess.gov.uk** 'ਤੇ ਜਾਓ, ਜਾਂ ਸਥਾਨਕ ਫ਼ੋਨ ਡਾਇਰੈਕਟੀ ਵਿਚੋਂ ਲਿਸਟਾਂ ਲਓ।